# ਅੱਤਵਾਦ ਵਿਰੋਧੀ, ਹਿੰਸਕ ਅੱਤਵਾਦ ਦਾ ਮੁਕਾਬਲਾ ਕਰਨ ਅਤੇ ਅੱਤਵਾਦ ਨੂੰ ਰੋਕਣ ਸਬੰਧੀ ਮਾਲਦੀਵ-ਭਾਰਤ ਸੰਯੁਕਤ ਕਾਰਜ ਗਰੁੱਪ ਦੀ ਦੂਜੀ ਮੀਟਿੰਗ

24 ਜੁਲਾਈ, 2023

24 ਜੁਲਾਈ, 2023 ਨੂੰ ਮਾਲੇ ਵਿੱਚ ਮਾਲਦੀਵ ਅਤੇ ਭਾਰਤ ਦਰਮਿਆਨ ਅੱਤਵਾਦ ਵਿਰੋਧੀ, ਹਿੰਸਕ ਕੱਟੜਵਾਦ ਅਤੇ ਅੱਤਵਾਦ ਨੂੰ ਰੋਕਣ ਸਬੰਧੀ ਸੰਯੁਕਤ ਕਾਰਜ ਗਰੁੱਪ ਦੀ ਦੂਜੀ ਮੀਟਿੰਗ ਹੋਈ। ਮਾਲਦੀਵ ਵਫ਼ਦ ਦੀ ਅਗਵਾਈ ਵਿਦੇਸ਼ ਸਕੱਤਰ ਮਹਾਮਹਿਮ ਅਹਿਮਦ ਲਤੀਫ਼ ਨੇ ਕੀਤੀ ਅਤੇ ਭਾਰਤੀ ਵਫ਼ਦ ਦੀ ਅਗਵਾਈ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਦੇ ਸਕੱਤਰ (ਪੱਛਮੀ) ਮਹਾਮਹਿਮ ਸੰਜੇ ਵਰਮਾ ਨੇ ਕੀਤੀ। ਇਹ ਮੀਟਿੰਗ ਸਦਭਾਵਨਾਭਰੇ ਅਤੇ ਉਸਾਰੂ ਮਾਹੌਲ ਵਿੱਚ ਹੋਈ ਜੋ ਮਾਲਦੀਵ ਅਤੇ ਭਾਰਤ ਦਰਮਿਆਨ ਸਮੇਂ-ਸਮੇਂ 'ਤੇ ਪਰਖੇ ਜਾਣ ਵਾਲੇ ਅਤੇ ਚੰਗੇ ਗੁਆਂਢੀ ਸਬੰਧਾਂ ਦਾ ਪ੍ਰਤੀਕ ਹੈ, ਅਤੇ ਮਹਾਮਹਿਮ ਰਾਸ਼ਟਰਪਤੀ ਇਬਰਾਹਿਮ ਮੁਹੰਮਦ ਸੋਲਿਹ ਅਤੇ ਮਹਾਮਹਿਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਸਾਡੇ ਦੁਵੱਲੇ ਸਬੰਧਾਂ ਰਾਹੀਂ ਹਾਸਲ ਹੋਈ ਊਰਜਾ, ਅਭਿਲਾਸ਼ਾ ਅਤੇ ਪੈਮਾਨੇ ਦਾ ਪ੍ਰਤੀਕ ਹੈ। ।

2. ਮਾਲਦੀਵ ਅਤੇ ਭਾਰਤ ਨੇ ਸਰਹੱਦ ਪਾਰਲੇ ਅੱਤਵਾਦ ਸਬੰਧੀ ਇਸਦੇ ਸਾਰੇ ਰੂਪਾਂ ਅਤੇ ਪ੍ਰਗਟਾਵੇ ਵਿੱਚ ਅੱਤਵਾਦ ਦੀ ਸਖ਼ਤ ਨਿਖੇਦੀ ਕੀਤੀ ਹੈ। ਵਿਆਪਕ ਅਤੇ ਨਿਰੰਤਰ ਤਰੀਕੇ ਨਾਲ ਅੱਤਵਾਦ ਦਾ ਮੁਕਾਬਲਾ ਕਰਨ ਲਈ ਅੰਤਰਰਾਸ਼ਟਰੀ ਸਹਿਯੋਗ ਨੂੰ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਦੋਵਾਂ ਦੇਸ਼ਾਂ ਨੇ ਹਿੰਦ ਮਹਾਸਾਗਰ ਖੇਤਰ (ਆਈਓਆਰ) ਵਿੱਚ ਸੁਰੱਖਿਆ ਨੂੰ ਕਾਇਮ ਰੱਖਣ ਦੇ ਇੱਕ ਮਹੱਤਵਪੂਰਨ ਪਹਿਲੂ ਵਜੋਂ ਅੱਤਵਾਦ ਵਿਰੋਧੀ ਸਹਿਯੋਗ ਪ੍ਰਤੀ ਆਪਣੀ ਵਚਨਵੱਧਤਾ ਦੁਹਰਾਈ। ਦੋਵਾਂ ਧਿਰਾਂ ਨੇ ਸੰਯੁਕਤ ਰਾਸ਼ਟਰ ਦੀਆਂ ਪਾਬੰਦੀਆਂ ਅਧੀਨ ਆਤੰਕਵਾਦੀ ਸੰਸਥਾਵਾਂ ਦੁਆਰਾ ਪੈਦਾ ਹੋਏ ਖਤਰਿਆਂ ਦੀ ਸਮੀਖਿਆ ਕੀਤੀ ਅਤੇ ਸਾਰੇ ਅੱਤਵਾਦੀ ਨੈਟਵਰਕਾਂ ਦੇ ਖਿਲਾਫ ਠੋਸ ਕਾਰਵਾਈ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਸਾਰੇ ਦੇਸ਼ਾਂ ਨੂੰ ਇਹ ਯਕੀਨੀ ਬਣਾਉਣ ਲਈ ਤੁਰੰਤ, ਨਿਰੰਤਰ, ਪ੍ਰਮਾਣਿਤ ਅਤੇ ਅਟੱਲ ਕਾਰਵਾਈ ਕਰਨ ਦੀ ਤੁਰੰਤ ਲੋੜ 'ਤੇ ਜ਼ੋਰ ਦਿੱਤਾ ਕਿ ਉਨ੍ਹਾਂ ਦੇ ਨਿਯੰਤਰਣ ਅਧੀਨ ਕੋਈ ਵੀ ਖੇਤਰ ਦੂਜਿਆਂ 'ਤੇ ਅੱਤਵਾਦੀ ਹਮਲਿਆਂ ਲਈ ਨਾ ਵਰਤਿਆ ਜਾਵੇ ਅਤੇ ਅਜਿਹੇ ਹਮਲਿਆਂ ਦੇ ਦੋਸ਼ੀਆਂ ਨੂੰ ਜਲਦੀ ਹੀ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾ ਸਕੇ।

3. ਦੋਵਾਂ ਧਿਰਾਂ ਨੇ ਅੱਤਵਾਦ ਅਤੇ ਕੱਟੜਵਾਦ ਦਾ ਮੁਕਾਬਲਾ ਕਰਨ ਲਈ ਆਪਣੇ ਤਜ਼ਰਬੇ ਸਾਂਝੇ ਕੀਤੇ ਅਤੇ ਅੱਤਵਾਦ ਸਮੇਤ ਹਿੰਸਕ ਕੱਟੜਵਾਦ ਦਾ ਮੁਕਾਬਲਾ ਕਰਨ, ਅੱਤਵਾਦ ਸਬੰਧੀ ਵਰਤੇ ਜਾਂਦੇ ਵਿੱਤ ਦਾ ਮੁਕਾਬਲਾ ਕਰਨ, ਅੱਤਵਾਦ ਅਤੇ ਹਿੰਸਕ ਕੱਟੜਵਾਦ ਲਈ ਇੰਟਰਨੈਟ ਅਤੇ ਸਾਈਬਰ ਸਪੇਸ ਦੀ ਵਰਤੋਂ ਨੂੰ ਰੋਕਣ, ਆਪਸੀ ਸੂਚਨਾਵਾਂ ਦੀ ਵੰਡ ਕਰਨ ਦੇ ਨਾਲ-ਨਾਲ ਸਮਰੱਥਾ ਨਿਰਮਾਣ ਅਤੇ ਸਹਿਯੋਗ ਦੇ ਵੱਖ-ਵੱਖ ਖੇਤਰਾਂ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ, ਅਤੇ ਨਾਲ ਹੀ ਇਸ ਸਬੰਧ ਵਿੱਚ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ, ਸੁਰੱਖਿਆ ਬਲਾਂ, ਕਸਟਮ, ਇਮੀਗ੍ਰੇਸ਼ਨ ਅਤੇ ਹੋਰ ਸਬੰਧਤ ਏਜੰਸੀਆਂ ਵਿਚਕਾਰ ਸੰਸਥਾਗਤ ਸਬੰਧ ਸਥਾਪਤ ਕਰਨਾ ਜਰੂਰੀ ਬਣਾਇਆ। ਇਸ ਤੋਂ ਇਲਾਵਾ, ਦੋਵਾਂ ਧਿਰਾਂ ਨੇ ਸੰਗਠਿਤ ਅਪਰਾਧ ਅਤੇ ਨਸ਼ੀਲੇ ਪਦਾਰਥਾਂ ਵਿਰੁੱਧ ਦੁਵੱਲੇ ਸਹਿਯੋਗ ਨੂੰ ਵਧਾਉਣ, ਵਾਪਸੀ, ਮੁੜ ਵਸੇਬੇ ਅਤੇ ਵਾਪਸ ਪਰਤਣ ਵਾਲਿਆਂ ਦੇ ਪੁਨਰ ਏਕੀਕਰਨ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ।

4. ਦੋਵਾਂ ਧਿਰਾਂ ਨੇ ਸਹਿਯੋਗ ਨੂੰ ਹੋਰ ਪੁਖ਼ਤਾ ਕਰਨ ਸਬੰਧੀ ਵਚਨ ਦਿੱਤਾ, ਜਿਸ ਵਿੱਚ ਸੁਰੱਖਿਆ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਸਮੇਤ ਮਾਲਦੀਵ ਦੀਆਂ ਦੂਸਰੀਆਂ ਸਬੰਧਤ ਏਜੰਸੀਆਂ ਲਈ ਹੋਰ ਸਹਾਇਤਾ ਅਤੇ ਸਮਰੱਥਾ ਨਿਰਮਾਣ ਦੇ ਨਾਲ-ਨਾਲ ਅੱਤਵਾਦ ਵਿਰੋਧੀ, ਰੋਕਥਾਮ ਅਤੇ ਮੁਕਾਬਲਾ ਕਰਨ ਦੇ ਖੇਤਰਾਂ ਵਿੱਚ ਸਹਿਯੋਗ, ਰਣਨੀਤਕ ਸੰਚਾਰ ਅਤੇ ਅੱਤਵਾਦ ਸਮੇਤ ਹਿੰਸਕ ਕੱਟੜਵਾਦ ਸਬੰਧੀ ਸਰਵੋਤਮ ਅਭਿਆਸਾਂ ਦਾ ਆਦਾਨ-ਪ੍ਰਦਾਨ ਕਰਨਾ ਸ਼ਾਮਲ ਹੋਵੇਗਾ। ਦੋਹਾਂ ਧਿਰਾਂ ਨੇ ਸੰਯੁਕਤ ਰਾਸ਼ਟਰ ਸਮੇਤ ਹੋਰ ਅੰਤਰਰਾਸ਼ਟਰੀ ਅਤੇ ਖੇਤਰੀ ਪਲੇਟਫਾਰਮਾਂ ਜਿਵੇਂ ਕਿ ਕੋਲੰਬੋ ਸਕਿਓਰਿਟੀ ਕਨਕਲੇਵ (ਸੀਐੱਸਸੀ) ਰਾਹੀਂ ਬਹੁ-ਪੱਖੀ ਮੰਚਾਂ ਵਿੱਚ ਸਹਿਯੋਗ ਨੂੰ ਮਜ਼ਬੂਤ ਕਰਨ

ਅਤੇ ਗੱਲਬਾਤ ਨੂੰ ਵਧਾਉਣ ਸਬੰਧੀ ਆਪਣੀ ਵਚਨਬੱਧਤਾ ਦੁਹਰਾਈ।

5. ਭਾਰਤੀ ਵਫ਼ਦ ਮਾਲੇ ਵਿੱਚ ਆਪਣੇ ਠਹਿਰਾਅ ਦੌਰਾਨ ਨੈਸ਼ਨਲ ਕਾਊਂਟਰ ਟੈਰੋਰਿਜ਼ਮ ਸੈਂਟਰ (ਐਨਸੀਟੀਸੀ) ਦਾ ਵੀ ਦੌਰਾ ਕਰੇਗਾ।

**ਮਾਲੇ**
**24 ਜੁਲਾਈ, 2023**